# ਸਲਾਨਾ ਨਮੂਨਾ ਪ੍ਰਸ਼ਨ-ਪੱਤਰ (ਵਿੱਦਿਅਕ ਵਰ੍ਹਾ:2023-24)

## ਜਮਾਤ:- ਪੰਜਵੀਂ, ਵਿਸ਼ਾ:- ਪੰਜਾਬੀ (ਪਹਿਲੀ ਭਾਸ਼ਾ)

ਕੁੱਲ ਅੰਕ:- 80 ਅੰਕ ਪ੍ਰਾਪਤ ਅੰਕ:-.........

(1) ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨ ਨੰਬਰ 1 ਤੋਂ ਪ੍ਰਸ਼ਨ ਨੰਬਰ 5 ਤੱਕ ਦੇ ਉੱਤਰ ਵਿਕਲਪਾਂ ਵਿੱਚੋਂ ਚੁਣੋ। (1×5=5 ਅੰਕ )

ਰਾਹ ਵਿੱਚ ਪਹਿਲਾਂ ਦਰਿਆ ਆਇਆ। ਉਹ ਪੁਲ਼ ਤੋਂ ਟੱਪਣ ਲੱਗੀ ਤਾਂ ਦਰਿਆ ਨੇ ਕਿਹਾ, "ਧੀਏ! ਚਾਰ ਪੱਥਰ ਪੁਲ਼ ਲਈ ਰੱਖਦੀ ਜਾ। ਇਸ ਤਰ੍ਹਾਂ ਪੁਲ਼ ਹੋਰ ਚੌੜਾ ਤੇ ਮਜ਼ਬੂਤ ਬਣ ਜਾਵੇਗਾ।"ਦਰਿਆ ਪਾਰ ਕਰ ਕੇ ਸੁੰਢ ਕਾਹਲੇ-ਕਾਹਲੇ ਕਦਮ ਪੁੱਟਦੀ ਅੱਗੇ ਤੁਰ ਪਈ। ਅੱਗੇ ਰਾਹ ਵਿੱਚ ਉਹੋ ਬੇਰੀ ਆਈ। ਸੁੰਢ ਨੂੰ ਬਹੁਤ ਭੁੱਖ ਲੱਗੀ ਹੋਈ ਸੀ। ਉਹ ਬੇਰੀ ਨੂੰ ਜ਼ੋਰ ਦੀ ਹਲੂਣਾ ਦੇਣ ਲੱਗੀ ਸੁੰਢ ਨੂੰ ਇਹ ਕਰਦਿਆਂ ਵੇਖ, ਬੇਰੀ ਨੇ ਕਿਹਾ, "ਧੀਏ!ਜੇ ਤੂੰ ਤਾਜ਼ੇ ਤੇ ਮਿੱਠੇ ਬੇਰ ਖਾਣਾ ਚਾਹੁੰਦੀ ਏਂ ਤਾਂ ਪਹਿਲੋਂ ਮੇਰੇ ਹੇਠ ਬੁਹਾਰੀ ਦੇ ਤੇ ਕੰਡੇ ਹੂੰਝਦੀ ਜਾ। ਹੁਣੇ ਪਿੰਡੋਂ ਬੱਚੇ ਮੇਰੇ ਬੇਰ ਖਾਣ ਆਉਣਗੇ ਤਾਂ ਇਹ ਕੰਡੇ ਉਹਨਾਂ ਦੇ ਪੈਰਾਂ ਵਿੱਚ ਚੁਭਣਗੇ।" ਪਰ ਸੁੰਢ ਨੇ ਬੇਰੀ ਦੀ ਇੱਕ ਨਾ ਸੁਣੀ। ਉਹ ਬੇਰੀ ਦੇ ਟਾਹਣਿਆਂ ਨੂੰ ਹਲੂਣਦੀ ਰਹੀ ਪਰ ਮੰਦੇ ਭਾਗਾਂ ਨੂੰ ਇੱਕ ਵੀ ਬੇਰ ਹੇਠਾਂ ਨਾ ਡਿਗਿਆ।

**ਪ੍ਰਸ਼ਨ 1:- ਰਾਹ ਵਿੱਚ ਪਹਿਲਾਂ ਕੀ ਆਇਆ ਸੀ ?**

A) ਪੁਲ਼ B) ਦਰਿਆ

C) ਬੇਰੀ D) ਪੱਥਰ

**ਪ੍ਰਸ਼ਨ 2:- ਇਹ ਪੈਰਾ ਕਿਸ ਪਾਠ ਵਿਚੋਂ ਲਿਆ ਗਿਆ ਹੈ?**

A) ਸਿਆਣੀ ਗੱਲ B) ਸਤਰੰਗੀ ਤਿਤਲੀ

C) ਸੁੰਢ ਤੇ ਹਲਦੀ D) ਚਿੜੀਆ-ਘਰ

**ਪ੍ਰਸ਼ਨ 3:- ਹੇਠਾਂ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਨਾਂਵ ਹੈ?**

A) ਉਹੋ B) ਦਰਿਆ

C) ਮੇਰੇ D) ਇਹ

**ਪ੍ਰਸ਼ਨ 4:- ਹੇਠ ਲਿਖੇ ਵਾਕ ਵਿੱਚਲੇ ਢੁਕਵੇਂ ਸ਼ਬਦਾਂ ਦੇ ਵਚਨ ਬਦਲ ਕੇ ਸਹੀ ਵਿਕਲਪ ਕਿਹੜਾ ਹੋਵੇਗਾ ?**

**'ਉਹ ਬੇਰੀ ਨੂੰ ਜ਼ੋਰ ਦੀ ਹਲੂਣਾ ਦੇਣ ਲੱਗੀ।'**

A) ਉਹ ਬੇਰੀ ਨੂੰ ਜ਼ੋਰ ਦੀ ਹਲੂਣਾ ਦੇਣ ਲੱਗੇ। B) ਉਹ ਬੇਰੀਆਂ ਨੂੰ ਜ਼ੋਰ ਦੀ ਹਲੂਣਾ ਦੇਣ ਲੱਗਾ।

C) ਉਹ ਬੇਰੀਆਂ ਨੂੰ ਜ਼ੋਰ ਦੀ ਹਲੂਣੇ ਦੇਣ ਲੱਗੇ। D) ਇਹਨਾਂ ਵਿੱਚੋਂ ਕੋਈ ਨਹੀਂ।

**ਪ੍ਰਸ਼ਨ 5:- ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?**

A) ਮੰਦੇ ਭਾਗਾਂ ਨੂੰ ਇੱਕ ਬੇਰ ਹੇਠਾਂ ਡਿਗਿਆ।

B) ਚੰਗੇ ਭਾਗਾਂ ਨੂੰ ਇੱਕ ਵੀ ਬੇਰ ਹੇਠਾਂ ਨਾ ਡਿਗਿਆ।

C) ਮੰਦੇ ਭਾਗਾਂ ਨੂੰ ਕੱਚਾ ਬੇਰ ਹੇਠਾਂ ਡਿਗਿਆ।

D) ਮੰਦੇ ਭਾਗਾਂ ਨੂੰ ਇੱਕ ਵੀ ਬੇਰ ਹੇਠਾਂ ਨਾ ਡਿਗਿਆ।

Downloaded from cclchapter.com

(2) ਹੇਠਾਂ ਦਿੱਤੀ ਤਸਵੀਰ ਨੂੰ ਵੇਖ ਕੇ ਦਿੱਤੇ ਗਏ ਪ੍ਰਸ਼ਨ ਨੰਬਰ 6 ਤੋਂ ਪ੍ਰਸ਼ਨ ਨੰਬਰ 10 ਤੱਕ ਦੇ ਉੱਤਰ ਵਿਕਲਪਾਂ ਵਿੱਚੋਂ ਚੁਣੋ। (1×5=5 ਅੰਕ)



ਪ੍ਰਸ਼ਨ:-6 ਪਾਠ-ਪੁਸਤਕ ਦੀ ਇਸ ਤਸਵੀਰ ਵਿੱਚ ਸਾਰੇ ਕੀ ਕਰ ਰਹੇ ਹਨ?

A) ਬੂਟੇ ਨੂੰ ਪਾਣੀ ਦੇ ਰਹੇ ਹਨ
B) ਬੂਟੇ ਦੇ ਪੱਤੇ ਤੋੜ ਰਹੇ ਹਨ
C) ਬੂਟੇ ਲਗਾ ਰਹੇ ਹਨ
D) ਬੂਟੇ ਨੂੰ ਗੁੱਡ ਰਹੇ ਹਨ

ਪ੍ਰਸ਼ਨ:-7 ਇਹ ਤਸਵੀਰ ਕਿਸ ਪਾਠ ਵਿੱਚੋਂ ਲਈ ਗਈ ਹੈ?

A) ਮੇਰਾ ਹਿੰਦੁਸਤਾਨ
B) ਆਓ ਰਲ-ਮਿਲ ਰੁੱਖ ਲਗਾਈਏ
C) ਬੋਲੀ ਹੈ ਪੰਜਾਬੀ ਸਾਡੀ
D) ਹਿੰਸਵਾਸੀਆਂ ਨੂੰ ਅੰਤਿਮ ਸੰਦੇਸ਼

ਪ੍ਰਸ਼ਨ:-8 ਹੇਠਾਂ ਲਿਖੀਆਂ ਗੱਲਾਂ ਵਿੱਚੋਂ ਰੁੱਖਾਂ ਤੋਂ ਕੀ ਨਹੀਂ ਮਿਲਦਾ?

A) ਸ਼ੁੱਧ ਹਵਾ
B) ਠੰਢੀਆਂ ਛਾਂਵਾਂ
C) ਪ੍ਰਦੂਸ਼ਣ
D) ਜੜ੍ਹੀ-ਬੂਟੀਆਂ

ਪ੍ਰਸ਼ਨ:-9 ਜਿਵੇਂ 'ਕਹੀ' ਸ਼ਬਦ ਦਾ ਬਹੁਵਚਨ 'ਕਹੀਆਂ' ਹੁੰਦਾ ਹੈ।
ਇਸ ਤਰ੍ਹਾਂ 'ਰੰਬਾ' ਸ਼ਬਦ ਦਾ ਬਹੁਵਚਨ ਕੀ ਹੋਵੇਗਾ ?

A) ਰੰਬੀ
B) ਰੰਬੇ
C) ਕੁਹਾੜਾ
D) ਕੁਹਾੜੇ

ਪ੍ਰਸ਼ਨ:-10 ਹੇਠ ਲਿਖੀ ਸਤਰ ਪੂਰੀ ਕਰੋ:-
ਆਓ ਰਲ-ਮਿਲ ਰੁੱਖ ਲਗਾਈਏ,ਪ੍ਰਦੂਸ਼ਣ ਨੂੰ ਦੂਰ ਭਜਾਈਏ,
ਵੱਧ ਤੋਂ ਵੱਧ ਰੁੱਖ ਲਾ ਕੇ ਹਰ ਥਾਂ,..........................।

A) ਸੋਹਣਾ ਹੁਣ ਪੰਜਾਬ ਬਣਾਈਏ।
B) ਹਰਾ-ਭਰਾ ਪੰਜਾਬ ਬਣਾਈਏ।
C) ਖਿੜਿਆ ਹੋਇਆ ਪੰਜਾਬ ਬਣਾਈਏ।
D) ਰੁੱਖਾਂ ਵਾਲਾ ਪੰਜਾਬ ਬਣਾਈਏ।

Downloaded from cclchapter.com

(3) ਹੇਠਾਂ ਦਿੱਤੇ ਪ੍ਰਸ਼ਨ ਨੰਬਰ 11 ਤੋਂ ਪ੍ਰਸ਼ਨ ਨੰਬਰ 20 ਤੱਕ ਨੂੰ ਪੜ੍ਹ ਕੇ ਉੱਤਰ ਦੇ ਲਈ ਸਹੀ ਵਿਕਲਪ ਚੁਣੋ:-
(1×10=10 ਅੰਕ )

**ਪ੍ਰਸ਼ਨ 11. ਹੇਠ ਲਿਖਿਆਂ ਵਿੱਚੋਂ 'ਬਿੱਲੀ' ਸ਼ਬਦ ਦਾ ਬਹੁ-ਵਚਨ ਕੀ ਹੋਵੇਗਾ ?**

A) ਬਿੱਲਾ
B) ਬਿੱਲੀਆਂ
C) ਬਿੱਲਿਆਂ
D) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 12. ਹੇਠ ਲਿਖਿਆਂ ਵਿੱਚੋਂ 'ਧੀ' ਸ਼ਬਦ ਦਾ ਲਿੰਗ ਬਦਲ ਕੇ ਕਿਹੜਾ ਸ਼ਬਦ ਸਹੀ ਹੋਵੇਗਾ ?**

A) ਧੀਆਂ
B) ਪੁੱਤਰ
C) ਪੁੱਤਰਾਂ
D) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 13. 'ਵਕਤ' ਸ਼ਬਦ ਦਾ ਸਮਾਨਾਰਥਕ ਸ਼ਬਦ ਕੀ ਹੋਵੇਗਾ ?**

A) ਕੋਮਲ
B) ਸਮਾਂ
C) ਅਨੋਖਾ
D) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 14. 'ਭਰਿਆ' ਦਾ ਵਿਰੋਧੀ ਸ਼ਬਦ ਕੀ ਹੋਵੇਗਾ ?**

A) ਭਾਰਾ
B) ਖ਼ਾਲੀ
B) ਬੰਦ
C) ਅਜ਼ਾਦ

**ਪ੍ਰਸ਼ਨ 15. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਸ਼ੁੱਧ ਹੈ ?**

A) ਆਲ੍ਹਣਾ
B) ਸ਼ਹਰ
C) ਮੂਹੋਂ
D) ਨਿਮ

**ਪ੍ਰਸ਼ਨ 16. ਹੇਠ ਲਿਖੇ ਸ਼ਬਦ ਕਿਸ ਨੇ ਕਹੇ ?**

**'ਮੈਂ ਹੁਣ ਰੁੱਖ ਨਹੀਂ ਵੱਢ ਸਕਦਾ।'**

A) ਅਮਰੀਕ ਸਿੰਘ ਨੇ
B) ਭਗਵਾਨ ਕੌਰ ਨੇ
C) ਦਲੀਪ ਸਿੰਘ ਨੇ
D) ਕੁਹਾੜੇ ਨੇ

**ਪ੍ਰਸ਼ਨ 17. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਖ਼ਾਸ-ਨਾਂਵ ਹੈ ?**

A) ਮੁੰਡਾ
B) ਸਕੂਲ
C) ਕਲਪਨਾ ਚਾਵਲਾ
D) ਇਹ ਸਾਰੇ।

**ਪ੍ਰਸ਼ਨ 18. ਹੇਠਾਂ ਲਿਖਿਆਂ ਵਿੱਚੋਂ ਪੜਨਾਂਵ ਸ਼ਬਦ ਚੁਣੋ ?**

A) ਨਾਨੀ
B) ਆਪਣੀ
C) ਭਣੇਂਵੀਂ
D) ਮਾਸੀ

**ਪ੍ਰਸ਼ਨ 19. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਕਿਰਿਆ ਹੈ ?**

A) ਵੱਢ
B) ਸਕੂਲ
C) ਰੁੱਖ
D) ਇਹ ਸਾਰੇ।

**ਪ੍ਰਸ਼ਨ 20. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਵਿਸ਼ੇਸ਼ਣ ਹੈ ?**

A) ਪਾਣੀ
B) ਬੱਸ
C) ਹੁਸ਼ਿਆਰ
D) ਇਹ ਸਾਰੇ।

**ਪ੍ਰਸ਼ਨ 21. ਹੇਠਾਂ ਲਿਖੇ ਵਾਕ ਵਿੱਚ ਖਾਲੀ ਥਾਂ ਵਿੱਚ ਕਿਹੜਾ ਵਿਸ਼ਰਾਮ ਚਿੰਨ੍ਹ ਆਵੇਗਾ ?**

**"ਓਏ......ਤੂੰ ਮਹਾਰਾਜ ਦੇ ਢੀਮ ਕਿਉਂ ਮਾਰੀ ਏ।"**

A) ।
B) ?
C) !
D) ,

Downloaded from cclchapter.com

ਪ੍ਰਸ਼ਨ 22. ਹੇਠ ਲਿਖੇ ਮੁਹਾਵਰੇ ਦਾ ਸਹੀ ਅਰਥ ਕਿਹੜਾ ਹੋਵੇਗਾ?

'ਨੱਕ ਚਾੜ੍ਹਨਾ'

A)ਬਹੁਤ ਕੋਸ਼ਸ਼ ਕਰਨਾ
B) ਮੁਸੀਬਤ ਖੜ੍ਹੀ ਕਰਨਾ
C) ਬੁਰਾ ਮਨਾਉਣਾ
D) ਅਲੋਪ ਹੋਣਾ

ਪ੍ਰਸ਼ਨ 23. ਕਲਪਨਾ ਚਾਵਲਾ ਨੇ ਕਰਾਟੇ ਵਿੱਚ ਕੀ ਪ੍ਰਾਪਤ ਕੀਤਾ ਸੀ?

A)ਬਲੈਕ ਬੈਲਟ
B) ਬਲੈਕ ਸ਼ੀਲਡ
C) ਬਲੈਕ ਰਿਬਨ
D) ਇਹਨਾਂ ਵਿੱਚੋਂ ਕੋਈ ਨਹੀਂ

ਪ੍ਰਸ਼ਨ 24. ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਕਿਸ ਜ਼ਿਲ੍ਹੇ ਵਿੱਚ ਹੋਇਆ ਸੀ?

A)ਪਟਿਆਲਾ
B) ਸੰਗਰੂਰ
C) ਲੁਧਿਆਣਾ
D) ਮਾਨਸਾ

ਪ੍ਰਸ਼ਨ 25.ਮਹਾਰਾਜਾ ਰਣਜੀਤ ਸਿੰਘ ਦੀ ਇੱਕ ਅੱਖ ਕਿਵੇਂ ਖ਼ਰਾਬ ਹੋਈ ਸੀ?

A)ਰੋੜਾ ਵੱਜਣ ਨਾਲ
B) ਤੀਰ ਵੱਜਣ ਨਾਲ
C) ਬਿਮਾਰੀ ਨਾਲ
D) ਇਹਨਾਂ ਵਿੱਚੋਂ ਕੋਈ ਨਹੀਂ

ਪ੍ਰਸ਼ਨ 26. ਕਿੰਨੇ ਕੋਕੂਨ ਉਬਾਲ਼ ਕੇ 1 ਗ੍ਰਾਮ ਰੇਸ਼ਮ ਪ੍ਰਾਪਤ ਹੁੰਦਾ ਹੈ?

A)20
B) 25
C) 15
D) 30

ਪ੍ਰਸ਼ਨ 27. ਛੱਮਾਸ ਵਿੱਚ ਕੀ ਲੱਗਾ ਹੁੰਦਾ ਹੈ?

A)ਸ਼ੀਸ਼ਿਆਂ ਦੇ ਟੁਕੜੇ
B) ਫੁੱਲਾਂ ਦੇ ਪੱਤੇ
C) ਲੱਕੜ ਦੇ ਟੁਕੜੇ
D) ਇਹਨਾਂ ਵਿਚੋਂ ਕੋਈ ਨਹੀਂ

ਪ੍ਰਸ਼ਨ 28. ਬਣ-ਮਾਣਸ ਦੀ ਅਵਾਜ਼ ਕਿਹੋ-ਜਿਹੀ ਹੁੰਦੀ ਹੈ?

A)ਬੰਸਰੀ ਵਰਗੀ
B) ਕੋਇਲ ਵਰਗੀ
C) ਢੋਲ ਵਰਗੀ
D) ਸ਼ੇਰ ਵਰਗੀ

ਪ੍ਰਸ਼ਨ 29. ਵਿਲੋਅ ਨਾਂ ਦੇ ਦਰਖ਼ਤ ਦੀ ਲੱਕੜ ਤੋਂ ਕੀ ਬਣਾਇਆ ਜਾਂਦਾ ਹੈ?

A)ਕ੍ਰਿਕਟ ਦਾ ਬੱਲਾ
B) ਬੇਸਬਾਲ
C) ਹਾਕੀ
D) ਇਹਨਾਂ ਵਿੱਚੋਂ ਕੁਝ ਨਹੀਂ

ਪ੍ਰਸ਼ਨ 30. ਸ਼ਹੀਦ ਊਧਮ ਸਿੰਘ ਨੂੰ ਫ਼ਾਂਸੀ ਕਦੋਂ ਦਿੱਤੀ ਗਈ?

A) 29 ਜੁਲਾਈ, 1940 ਈ. ਨੂੰ
B) 28 ਜੁਲਾਈ, 1940 ਈ. ਨੂੰ
C) 30 ਜੁਲਾਈ, 1940 ਈ. ਨੂੰ
D) 31 ਜੁਲਾਈ, 1940 ਈ. ਨੂੰ

Downloaded from cclchapter.com

ਪ੍ਰਸ਼ਨ 31. ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਚਾਰ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ:-

(3×3=9 ਅੰਕ)

ਉਹ ਆਪਣੇ ਮੂੰਹ ਦੇ ਰਸ ਨਾਲ਼ ਤਾਰਾਂ ਨੂੰ ਗਿੱਲਾ ਕਰ ਦਿੰਦਾ ਹੈ। ਤਾਰਾਂ ਨਰਮ ਹੋ ਕੇ ਟੁੱਟ ਜਾਂਦੀਆਂ ਹਨ। ਇਉਂ ਰਸਤਾ ਬਣਾ ਕੇ ਇਹ ਤਿਤਲੀ ਦੇ ਰੂਪ ਵਿੱਚ ਬਾਹਰ ਨਿਕਲ ਆਉਂਦਾ ਹੈ। ਤਤਲੀ ਬਣ ਜਾਣ ਤੋਂ ਬਾਅਦ ਇਹ ਆਪਣਾ ਪਿਛਲਾ ਜੀਵਨ ਬਿਲਕੁਲ ਭੁੱਲ ਜਾਂਦਾ ਹੈ। ਹੁਣ ਇਹ ਆਂਡੇ ਦੇਣ ਤੋਂ ਬਿਨਾਂ ਹੋਰ ਕੰਮ ਨਹੀਂ ਕਰਦਾ। ਕੁਝ ਦਿਨਾਂ ਦੇ ਸੈਰ-ਸਪਾਟੇ ਤੋਂ ਬਾਅਦ ਇਹ ਮਰ ਜਾਂਦਾ ਹੈ। ਪਰ ਆਦਮੀ ਕੀੜੇ ਨੂੰ ਤਿਤਲੀ ਬਣਨ ਤੋਂ ਪਹਿਲਾਂ ਹੀ ਮਾਰ ਦਿੰਦਾ ਹੈ ਤਾਂਕਿ ਉਸ ਵਲੋਂ ਕੱਤੀ ਗਈ ਤਾਰਾਂ ਦੀ ਪੋਟਲੀ ਕਿੱਧਰੇ ਖ਼ਰਾਬ ਨਾ ਹੋ ਜਾਵੇ। ਜਦੋਂ ਕੀੜਾ ਸਾਰੇ ਤਾਰ ਕੱਢ ਲੈਂਦਾ ਹੈ ਅਤੇ ਕੋਠੜੀ ਵਿੱਚ ਬੰਦ ਹੋ ਕੇ ਬੇਹੋਸ਼ ਹੋ ਜਾਂਦਾ ਹੈ ਤਾਂ ਆਦਮੀ ਉਸ ਮੁੱਢੇ ਨੂੰ ਉਸੇ ਵਕਤ ਉਤਾਰ ਲੈਂਦਾ ਹੈ ਅਤੇ ਗਰਮ ਪਾਣੀ ਵਿੱਚ ਸੁੱਟ ਦਿੰਦਾ ਹੈ। ਕੀੜਾ ਵਿਚਾਰਾ ਹੋਸ਼ ਵਿੱਚ ਆਉਣ ਤੋਂ ਪਹਿਲਾਂ ਹੀ ਮਰ ਜਾਂਦਾ ਹੈ। ਗਰਮੀ ਮਿਲ ਜਾਣ ਕਰ ਕੇ ਇਹ ਤਾਰ ਵੀ ਅਲੱਗ-ਅਲੱਗ ਹੋ ਜਾਂਦੇ ਹਨ। ਇਸ ਤੋਂ ਬਾਅਦ ਕਈ-ਕਈ ਤਾਰਾਂ ਇਕੱਠੀਆਂ ਕਰ ਕੇ ਕੱਤ ਲਈਆਂ ਜਾਂਦੀਆਂ ਹਨ। ਇਸ ਤਰ੍ਹਾਂ ਰੇਸ਼ਮ ਦਾ ਬਹੁਤ ਬਰੀਕ ਧਾਗਾ ਤਿਆਰ ਹੋ ਜਾਂਦਾ ਹੈ। ਇਸ ਧਾਗੇ ਦਾ ਰੰਗ ਸੁਨਹਿਰੀ ਹੁੰਦਾ ਹੈ।

ਪ੍ਰਸ਼ਨ ੳ) :-ਤਾਰਾਂ ਕਿਵੇਂ ਟੁੱਟ ਜਾਂਦੀਆਂ ਹਨ?

ਪ੍ਰਸ਼ਨ ਅ):- ਕੀੜੇ ਨੂੰ ਤਿਤਲੀ ਬਣਨ ਤੋਂ ਪਹਿਲਾਂ ਹੀ ਕੌਣ ਮਾਰ ਦਿੰਦਾ ਹੈ?

ਪ੍ਰਸ਼ਨ ੲ):- ਮੁੱਢੇ ਨੂੰ ਕਿੱਥੇ ਸੁੱਟਿਆ ਜਾਂਦਾ ਹੈ?


ਪ੍ਰਸ਼ਨ ਸ):- ਤਾਰ ਅਲੱਗ-ਅਲੱਗ ਕਿਵੇਂ ਹੋ ਜਾਂਦੇ ਹਨ?

ਪ੍ਰਸ਼ਨ 32. ਹੇਠ ਲਿਖੇ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ। (3×3=9 ਅੰਕ)

ੳ) ਕਲਪਨਾ ਚਾਵਲਾ ਦੇ ਸ਼ੌਕ ਕੀ ਸਨ ?
ਅ) ਸ਼ਾਰਦਾ ਭੈਣ ਜੀ ਦਾ ਹੱਥ ਕਿਸ ਨੇ ਫੜਿਆ ਹੋਇਆ ਸੀ ?
ੲ) ਰੁੱਖਾਂ ਦੀ ਮਨੁੱਖੀ ਜੀਵਨ ਵਿੱਚ ਕੀ ਮਹੱਤਤਾ ਹੈ ?
ਸ) ਸਾਰਾਗੜ੍ਹੀ ਵਿੱਚ ਕਿੰਨੇ ਸੈਨਿਕ ਸਨ ?

ਪ੍ਰਸ਼ਨ 33. ਹੇਠ ਲਿਖੇ ਵਿਸ਼ੇ ਦੀ ਸਿਰਜਣਾਤਮਿਕ ਪਰਖ (ਮਾਈਂਡ ਮੈਪਿੰਗ) ਕਰੋ।

(4×1=4 ਅੰਕ)




Downloaded from cclchapter.com

ਪ੍ਰਸ਼ਨ 34. ਦਿੱਤੇ ਗਏ ਸ਼ਬਦਾਂ ਵਿੱਚੋਂ ਦੋ ਸ਼ਬਦਾਂ ਦੇ ਵਾਕ ਬਣਾਓ? (2×2=4 ਅੰਕ)

1) ਮਿਸਤਰੀ:..........................................................................................

2) ਅੰਬਰ:..........................................................................................

3) ਵਿਉਂਤ:..........................................................................................

ਪ੍ਰਸ਼ਨ 35. ਹੇਠਾਂ ਦਿੱਤੀਆਂ ਖਾਲੀ ਥਾਂਵਾਂ ਵਿੱਚ ਢੁਕਵੀਂ ਕਿਰਿਆ ਭਰੋ:- (4×1=4 ਅੰਕ)

(ਮਨਾਉਣਾ, ਵੱਢ, ਖਾ ਲਓ, ਬੋਲਿਆ)

1. ਮੈਂ ਹੁਣ ਰੁੱਖ ਨਹੀਂ ............... ਸਕਦਾ।
2. ਕੁਹਾੜਾ ਧੀਰਜ ਨਾਲ.........................।
3. ਪਹਿਲਾਂ ਰੋਟੀ.........................।
4. ਮੈਂ ਆਪਣਾ ਜਨਮ-ਦਿਨ ਰੁੱਖ ਲਾ ਕੇ...................... ਹੈ।

ਪ੍ਰਸ਼ਨ 36. ਮਾਮੇ ਦੇ ਵਿਆਹ 'ਤੇ ਜਾਣ ਲਈ ਛੁੱਟੀ ਲੈਣ ਲਈ ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਅਰਜ਼ੀ ਲਿਖੋ।

ਜਾਂ

'ਅੱਖੀਂ ਡਿੱਠਾ ਮੇਲਾ' ਲੇਖ 75 ਤੋਂ 100 ਸ਼ਬਦਾਂ ਵਿੱਚ ਲਿਖੋ। (1×10=10 ਅੰਕ)

ਪ੍ਰਸ਼ਨ 37. ਸੁੰਦਰ ਲਿਖਾਈ (10 ਅੰਕ)

Downloaded from cclchapter.com